# PAPER-II
# PUNJABI

**Signature and Name of Invigilator**

1. (Signature) ____________________________

   (Name) ____________________________

2. (Signature) ____________________________

   (Name) ____________________________

OMR Sheet No. : ...............................................

(To be filled by the Candidate)

Roll No. | | | | | | | | |

(In figures as per admission card)

Roll No.____________________________

(In words)

**J 2 4 1 6**

Time : **1 ¼** hours] [Maximum Marks : **100**

Number of Pages in this Booklet : **12** | Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Black Ball point pen provided by C.B.S.E.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण** : ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल C.B.S.E. द्वारा प्रदान किये गये काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

**PUNJABI**
**ਪੰਜਾਬੀ**

**Paper-II**
**ਪ੍ਰਸ਼ਨ ਪੱਤਰ-II**

**Note :** This paper contains **fifty (50)** objective type questions, each question carrying **two (2)** marks. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।

**1.** ਭਾਸ਼ਾ ਦੀ ਮੂਲ ਵਿਸ਼ੇਸ਼ਤਾ ਨਹੀਂ ਹੈ ;

(1) ਆਪਮੁਹਾਰਾਪਨ (2) ਬੇਮੁਹਾਰਾਪਨ

(3) ਵਿਸ਼ੇਸ਼ੀਕਰਨ (4) ਦੁਪੱਖਤਾ

**2.** ਭਾਸ਼ਾ ਸ਼ਾਸਤਰ ਦੇ ਅਧਿਐਨ ਖੇਤਰ ਦਾ ਅੰਗ ਹੈ ;

(1) ਧੁਨੀ ਪਰਿਵਰਤਨ (2) ਅਰਥ ਪਰਿਵਰਤਨ

(3) ਰੂਪ ਪਰਿਵਰਤਨ (4) ਵਾਕ ਵਟਾਂਦਰਾ

**3.** ਭਾਰਤੀ-ਯੋਰਪੀ ਪਰਿਵਾਰ ਦੀ ਸ਼ਾਖ਼ਾ ਹੈ ;

(1) ਆਸਟ੍ਰੋਤਾਈ (2) ਸਿਨੋ-ਤਿੱਬਤੀ

(3) ਅਲਬੇਲੀਅਨ (4) ਹਾਮੀ ਪਰਿਵਾਰ

**4.** ਧੁਨੀ ਵਿਉਂਤ ਦਾ ਹਿੱਸਾ ਨਹੀਂ ;

(1) ਸੁਰ ਤੇ ਵਾਕ-ਸੁਰ (2) ਬਲ ਤੇ ਦਬਾ

(3) ਵਾਕ-ਸੁਰ ਤੇ ਦਬਾ (4) ਵਾਕੰਸ਼ ਤੇ ਭਾਵਾਂਸ਼

**5.** ਕਿਹੜਾ ਕਥਨ ਪੂਰਾ ਠੀਕ ਹੈ :

(1) ਸਮਾਜ-ਭਾਸ਼ਾ, ਵਿਆਕਰਨ ਤੇ ਸ਼ਬਦਾਵਲੀ ਨੂੰ ਪ੍ਰਭਾਵਿਤ ਕਰਦੀ ਹੈ ।

(2) ਸਮਾਜ-ਭਾਸ਼ਾ ਕੇਵਲ ਵਿਆਕਰਨ ਨੂੰ ਪ੍ਰਭਾਵਿਤ ਕਰਦੀ ਹੈ ।

(3) ਸਮਾਜ-ਭਾਸ਼ਾ ਕੇਵਲ ਸ਼ਬਦਾਵਲੀ ਨੂੰ ਪ੍ਰਭਾਵਿਤ ਕਰਦੀ ਹੈ ।

(4) ਸਮਾਜ-ਭਾਸ਼ਾ, ਕੇਵਲ ਉਪ-ਭਾਸ਼ਾਈ ਲੱਛਣਾਂ ਨੂੰ ਪ੍ਰਭਾਵਿਤ ਕਰਦੀ ਹੈ ।

**6.** **ਕਥਨ (A) :** ਧੁਨੀ ਵਿਗਿਆਨ ਤੇ ਧੁਨੀ ਵਿਉਂਤ ਭਾਸ਼ਾ ਵਿਗਿਆਨ ਦੀਆਂ ਦੋ ਪੱਧਤੀਆਂ ਹਨ । ਧੁਨੀ ਵਿਗਿਆਨ ਦਾ ਸੰਬੰਧ ਧੁਨੀ ਸਿਧਾਂਤ ਨਾਲ ਹੈ ਤੇ ਧੁਨੀ ਵਿਉਂਤ ਦਾ ਸੰਬੰਧ ਧੁਨੀਆਂ ਦੀ ਵਰਤੋਂ ਨਾਲ ।

**ਕਾਰਨ (R) :** ਕਿਉਂਕਿ ਧੁਨੀ ਵਿਗਿਆਨ ਦਾ ਸੰਬੰਧ ਧੁਨੀਆਂ ਦੀ ਵੰਡ ਨਾਲ ਹੈ ਤੇ ਧੁਨੀਗ੍ਰਾਮ ਦਾ ਸੰਬੰਧ ਵਿਸ਼ੇਸ਼ ਭਾਸ਼ਾ ਦੀ ਧੁਨੀ ਦੀ ਵਰਤੋਂ ਨਾਲ ਹੈ ।

(1) (A) ਠੀਕ ਹੈ (R) ਗ਼ਲਤ ਹੈ । (2) (R) ਠੀਕ ਹੈ (A) ਗ਼ਲਤ ਹੈ ।

(3) (A) ਤੇ (R) ਦੋਵੇਂ ਠੀਕ ਹਨ । (4) (A) ਤੇ (R) ਦੋਵੇਂ ਗ਼ਲਤ ਹਨ ।

7. ਵਿਆਕਰਨਕ ਪੁਰਖ ਦੀ ਪਛਾਣ ਦਾ ਆਧਾਰ ਹੈ ;

(1) ਵਿਅਕਤੀ ਤੇ ਵਿਅਕਤੀ ਸਮੂਹ
(2) ਵਿਉਤਪਤ ਤੇ ਰੂਪਾਂਤਰੀ ਸ਼ਬਦ ਬਣਤਰਾਂ
(3) ਕਿਰਿਆ ਸ਼ਬਦ ਤੇ ਵਿਭੱਕਤੀਆਂ
(4) ਪੜਨਾਵ ਤੇ ਸਹਾਇਕ ਕਿਰਿਆ

8. ਧੁਨੀ ਗ੍ਰਾਮ ਦਾ ਸੰਬੰਧ ਹੈ ;

(1) ਉਚਾਰਨੀ ਧੁਨੀ ਵਿਗਿਆਨ ਨਾਲ
(2) ਸੰਚਾਰਨੀ ਧੁਨੀ ਵਿਗਆਨ ਨਾਲ
(3) ਸ੍ਰਵਣੀ ਧੁਨੀ ਵਿਗਿਆਨ ਨਾਲ
(4) ਧੁਨੀ-ਵਿਉਂਤ ਨਾਲ

9. ਰੂਪ ਵਿਗਿਆਨ ਹੈ ;

(1) ਸ਼ਬਦਾਂ ਦਾ ਪ੍ਰਕਾਰਜ
(2) ਸ਼ਬਦਾਂ ਦੀ ਅੰਦਰੂਨੀ ਜੁਗਤ
(3) ਸ਼ਬਦਾਂ ਦਾ ਅਰਥ ਪ੍ਰਬੰਧ
(4) ਵਾਕ ਤੇ ਸ਼ਬਦ ਦੇ ਸਬੰਧ

10. ਆਰਕੀਫ਼ੋਨੀਮ ਦਾ ਸੰਕਲਪ ਕਿਸ ਨੇ ਦਿੱਤਾ ;

(1) ਬਲੂਮਫੀਲਡ ਨੇ
(2) ਚੌਮਸਕੀ ਨੇ
(3) ਫ਼ਰੈਂਕ ਪਾਮਰ ਨੇ
(4) ਟਰੂਬੇਜ਼ਕੋਆਇ ਨੇ

11. ਅੰਗਰੇਜ਼ੀ ਦੇ ਸੰਕਲਪੀ ਸ਼ਬਦਾਂ ਦੇ ਪੰਜਾਬੀ ਰੂਪਾਂ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. Coherence | A. ਪ੍ਰਤਿਉਕਤੀ |
| II. Cohesion | B. ਇੱਕਮੁੱਠਤਾ |
| III. Anaphora | C. ਜੋੜ |
| IV. Cataphor | D. ਪੁਨਰਉਕਤੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | B | D | C | A |
| (2) | B | C | A | D |
| (3) | B | A | D | C |
| (4) | D | A | B | C |

12. ਲਿਪੀਆਂ ਵਿਚੋਂ ਅੱਖਰ ਲਿਪੀ ਹੈ ;

(1) ਰੋਮਨ
(2) ਟਾਕਰੀ
(3) ਚੀਨੀ
(4) ਦੇਵ ਨਾਗਰੀ

13. **ਕਥਨ (A) :** ਭਾਸ਼ਾ ਸਮਰੱਥਾ ਬੰਦੇ ਦਾ ਗ੍ਰਹਿਣ ਕੀਤਾ ਵਰਤਾਰਾ ਨਹੀਂ, ਸਗੋਂ ਇਕ ਜਮਾਂਦਰੂ ਗੁਣ ਜਾਂ ਵਰਤਾਰਾ ਹੈ ਜੋ ਬੀਜ ਰੂਪ ਵਿਚ ਬੰਦੇ ਦੇ ਅੰਦਰ ਮੌਜੂਦ ਹੁੰਦਾ ਹੈ ।

**ਕਾਰਨ (R) :** ਕਿਉਂਕਿ, ਇਸ ਬੀਜ ਦੇ ਉਗੱਣ ਤੇ ਵਧਣ-ਫੁੱਲਣ ਲਈ ਇਕ ਸਮਾਜੀ-ਸਭਿਆਚਾਰਕ ਰਚਨਾਤੰਤਰ ਦੀ ਲੋੜ ਹੁੰਦੀ ਹੈ, ਜਿਸ ਵਿਚ ਪਹਿਲਾਂ ਹੀ ਕੋਈ ਭਾਸ਼ਾ ਵਿਚਰ ਰਹੀ ਹੁੰਦੀ ਹੈ ।

(1) (A) ਠੀਕ ਹੈ (R) ਆਂਸ਼ਕ ਠੀਕ ਹੈ ।

(2) (R) ਠੀਕ ਹੈ ਤੇ (A) ਗ਼ਲਤ ਹੈ ।

(3) (A) ਤੇ (R) ਦੋਵੇਂ ਠੀਕ ਹਨ ।

(4) (A) ਤੇ (R) ਦੋਵੇਂ ਗ਼ਲਤ ਹਨ ।

14. "ਲੇਖਕ ਆਪਣੀ ਰਚਨਾ ਵਿੱਚ ਰਬ ਵਾਂਗ ਹੁੰਦਾ ਹੈ ਭਾਵ ਉਹ ਹਰ ਥਾਂ ਮੌਜੂਦ ਹੈ ਪਰ ਦਿਖਾਈ ਕਿਤੇ ਨਹੀਂ ਦੇਂਦਾ ।" ਦਾ ਸਾਹਿਤ-ਸਿੱਧਾਂਤਕ ਭਾਵਾਰਥ ਹੈ ;

(1) ਲੇਖਕ ਦਾ ਰਚਨਾ ਤੋਂ ਬਾਹਰ ਰਹਿਣਾ
(2) ਲੇਖਕ ਦਾ ਰਚਨਾ ਵਿੱਚ ਦਿਖਾਈ ਦੇਣਾ
(3) ਲੇਖਕ ਦਾ ਨਿਰ-ਵਿਅਕਤਿਕ ਹੋਣਾ
(4) ਲੇਖਕ ਦਾ ਰਚਨਾ ਵਿੱਚ ਸਿਰਜਨਾਤਮਕ ਰਹਿਣਾ

15. ਰੋਮਨ ਜੈਕਬਸਨ ਦੇ ਸੰਚਾਰ ਸਿੱਧਾਂਤ ਵਿੱਚ ਸੰਦੇਸ਼ ਤੇ ਮਾਧਿਅਮ ਦਾ ਪ੍ਰਕਾਰਜ ਹੈ ;

I. ਸੰਪਰਕ ਮੂਲਕ

II. ਸੰਬੰਧਮਈ

III. ਕਾਵਿਮਈ

IV. ਕਲਾਤਮਕ

ਉਪਰੋਕਤ ਚੋਂ ਸਹੀ ਹੈ :

(1) I, II ਅਤੇ IV
(2) II ਅਤੇ IV
(3) I, III ਅਤੇ IV
(4) I, II, III ਅਤੇ IV

16.

| **ਸੂਚੀ-I** | **ਸੂਚੀ-II** |
|---|---|
| I. ਲੋਕ ਵਾਰਾਂ | A. ਗੰਡਾ ਸਿੰਘ |
| II. ਪੰਜਾਬੀ ਵਾਰਾਂ | B. ਸ਼ਮਸ਼ੇਰ ਸਿੰਘ ਅਸ਼ੋਕ |
| III. ਪੰਜਾਬ ਦੀਆਂ ਵਾਰਾਂ | C. ਪਿਆਰਾ ਸਿੰਘ ਪਦਮ |
| IV. ਪ੍ਰਾਚੀਨ ਵਾਰਾਂ ਤੇ ਜੰਗਨਾਮੇ | D. ਅਹਿਮਦ ਸਲੀਮ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | A | C | B | D |
| (2) | B | D | C | A |
| (3) | D | C | A | B |
| (4) | B | D | A | C |

**17.** ਸੀ-ਹਰਫ਼ੀ ਦੇ ਪਰਿਭਾਸ਼ਕ ਲੱਛਣ ਹਨ :

(1) ਵਰਣ-ਆਧਾਰ, ਪ੍ਰਗੀਤਕਤਾ, ਪਰਮਾਰਥ
(2) ਬਿਰਤਾਂਤ, ਰਹੱਸਵਾਦ, ਲਿੱਪੀ-ਬੱਧਤਾ
(3) ਵਰਣਾਤਮਕ, ਵਰਣ-ਆਧਾਰ, ਯਥਾਰਥ
(4) ਪ੍ਰਗੀਤਕਤਾ, ਪਾਰਲੌਕਿਕਤਾ, ਅਨਿਓਕਤੀ

**18.** ਕਾਵਿ-ਨਾਟਕ ਦੇ ਰੂਪਾਕਾਰਕ ਲੱਛਣ ਹਨ :

(1) ਸੰਵਾਦ, ਬੌਧਿਕ ਪਾਸਾਰ, ਬਿਰਤਾਂਤਕਤਾ
(2) ਦੁਖਾਂਤ ਭਾਵਨਾ, ਪ੍ਰਗੀਤ, ਪ੍ਰਕਿਰਤੀ-ਚਿਤ੍ਰਣ
(3) ਮਿਸ਼੍ਰਿਤ ਵਿਧਾ, ਸੰਵਾਦ, ਭਾਵਗਤ ਪਾਸਾਰ
(4) ਸੰਵਾਦ, ਸੁਖਾਂਤ ਭਾਵਨਾ, ਪ੍ਰਤੀਕਾਤਮਕਤਾ

**19.** ਨਾਟਕ ਦੀਆਂ ਏਕਤਾਵਾਂ ਦਾ ਸਹੀ ਜੁੱਟ ਹੈ :

(1) ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ
(2) ਸਮੇਂ, ਦੇਸ਼ ਅਤੇ ਕਾਲ ਦੀ ਏਕਤਾ
(3) ਸਥਾਨ, ਵਾਰਤਾਲਾਪ ਅਤੇ ਪਾਤਰ ਦੀ ਏਕਤਾ
(4) ਦ੍ਰਿਸ਼, ਘਟਨਾ ਅਤੇ ਸਥਾਨ ਦੀਂ ਏਕਤਾ

**20.** ਕਿਸ ਸਾਹਿਤ ਰੂਪ ਦੀ ਪ੍ਰਗੀਤ ਰੂਪ ਨਾਲ ਸਮਾਨਤਾ ਦਰਸਾਈ ਗਈ ਹੈ :

(1) ਸਵੈ-ਜੀਵਨੀ
(2) ਨਿਬੰਧ
(3) ਸੰਬੋਧਨ ਗੀਤ
(4) ਜੀਵਨੀ

**21.** ਜੰਗਨਾਮੇ ਦੀ ਰੂਪਾਕਾਰਕ ਵਿਸ਼ੇਸ਼ਤਾ ਹੈ :

(1) ਨਾਇਕ ਦੀ ਜਿੱਤ ਤੇ ਰਸ
(2) ਇਤਿਹਾਸਕਤਾ ਤੇ ਸਾਹਿਤਿਕਤਾ
(3) ਕਾਲਪਨਿਕ ਘਟਨਾ ਤੇ ਮੰਗਲਾਚਰਨ
(4) ਨਾਇਕ ਦਾ ਜੱਸ ਤੇ ਚਰਿਤਰ-ਚਿਤਰਣ

**22.** ਰੇਖਾ ਚਿੱਤਰ ਵਿੱਚ ਵਿਅਕਤੀ-ਵਿਸ਼ੇਸ਼ ਦੇ ਚਿਤ੍ਰਣ ਦਾ ਪ੍ਰਮਾਣਿਕ ਆਧਾਰ ਹੈ :

I. ਕਾਰਜ
II. ਟਿੱਪਣੀ
III. ਸਿੱਧਾਂਤ
IV. ਨਿਰਪਖਤਾ

ਉਪਰੋਕਤ ਚੋਂ ਸਹੀ ਹੈ :

(1) I ਅਤੇ III
(2) II ਅਤੇ IV
(3) I ਅਤੇ IV
(4) III ਅਤੇ IV

**23.** "ਰਮਣੀਕ ਅਰਥਾਂ ਦੇ ਲਖਾਇਕ ਸ਼ਬਦ ਹੀ ਕਾਵਿ ਹੈ ।" ਕਥਨ ਕਿਸਦਾ ਹੈ :

(1) ਵਿਸ਼ਵਨਾਥ
(2) ਜਗਨਨਾਥ
(3) ਭਰਤਮੁਨੀ
(4) ਭੋਜਰਾਜ

**24.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| I. ਮੰਮਟ | A. ਚੌਦਵੀਂ ਸਦੀ |
| II. ਵਿਸ਼ਵਨਾਥ | B. ਸੱਤਵੀਂ ਸਦੀ |
| III. ਦੰਡੀ | C. ਗਿਆਰਵੀਂ ਸਦੀ |
| IV. ਭਾਮਹ | D. ਛੇਵੀਂ ਸਦੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | B | A | D | C |
| (2) | C | A | B | D |
| (3) | A | C | D | B |
| (4) | D | B | C | A |

**25.** "ਚਾਰ ਪੁਰਸ਼ਾਰਥਾਂ (ਧਰਮ ਅਰਥ ਕਾਮ ਮੋਕਸ਼) ਦੀ ਫਲ-ਪ੍ਰਾਪਤੀ ਹੀ ਕਾਵਿ ਦਾ ਪ੍ਰਯੋਜਨ ਹੈ ।" ਕਥਨ ਕਿਸ ਵਿਦਵਾਨ ਦਾ ਹੈ :

(1) ਆਨੰਦਵਰਧਨ
(2) ਭਰਤ
(3) ਵਿਸ਼ਵਨਾਥ
(4) ਵਾਮਨ

**26.** ਵੈਦਰਭੀ, ਗੌੜੀ ਅਤੇ ਪਾਚਾਂਲੀ ਦਾ ਸਬੰਧ ਹੈ :

(1) ਧੁਨੀ ਨਾਲ
(2) ਰੀਤੀ ਨਾਲ
(3) ਵਕ੍ਰੋਕਤੀ ਨਾਲ
(4) ਕਾਵਿ ਦੀ ਆਤਮਾ ਨਾਲ

**27.** ਮਨੋਰਥਪਰਕ ਭਰਮ ਦਾ ਸੰਕਲਪ ਕਿਸਦਾ ਹੈ :

(1) ਰੈਨਸਮ
(2) ਵਿਮਸੈਟ
(3) ਲੈਵਿਸ
(4) ਕਲੈਂਥ ਬਰੁਕਸ

**28.**

| ਸੂਚੀ-I | ਸੂਚੀ-II |
|---|---|
| I. ਲੂਸੀਅਨ ਗੋਲਡਮਾਨ | A. ਸੰਰਚਨਾ |
| II. ਕਲਾਦ ਲੈਵੀਸਤਰਾਸ | B. ਅਨੁਰੂਪਤਾ |
| III. ਮਿਸ਼ੇਲ ਫੂਕੋ | C. ਅੰਤਰ ਪਾਠਾਤਮਕਤਾ |
| IV. ਜੂਲੀਆ ਕ੍ਰਿਸਤੇਵਾ | D. ਪ੍ਰਵਚਨ |

| | I | II | III | IV |
|---|---|---|---|---|
| (1) | A | C | B | D |
| (2) | B | A | D | C |
| (3) | C | B | D | A |
| (4) | B | D | A | C |

29. ਉੱਤਰ-ਬਸਤੀਵਾਦੀ ਸਿੱਧਾਂਤ-ਚਿੰਤਨ ਨਾਲ ਸੰਬੰਧਿਤ ਵਿਦਵਾਨ ਹਨ :

(1) ਸੌਸਿਊਰ, ਰੋਲਾਂ ਬਾਰਤ, ਯੱਕ ਲਾਕਾਂ

(2) ਹੋਮੀ ਭਾਬਾ, ਕਾਰਲ ਮਾਰਕਸ, ਜਾਰਜ ਲੁਕਾਚ

(3) ਐਡਵਰਡ ਸਾਈਦ, ਏਜਾਜ਼ ਅਹਿਮਦ, ਗਾਇਤਰੀ ਚੱਕਰਵਰਤੀ

(4) ਰਣਜੀਤ ਗੁਹਾ, ਹੋਮੀ ਭਾਬਾ, ਸਾਰਾ ਮਿਲਜ਼

30. ਗ਼ਜ਼ਲ ਦੀ 'ਜ਼ਮੀਨ' ਵਿਚ ਸ਼ਾਮਲ ਤੱਤ ਹਨ :

(1) ਬਹਿਰ, ਸ਼ਿਅਰ, ਵਜ਼ਨ, ਮਤਲਾ

(2) ਮਤਲਾ, ਕਾਫ਼ੀਆ, ਰਦੀਫ਼, ਮਕਤਾ

(3) ਮਕਤਾ, ਵਜ਼ਨ, ਰਦੀਫ਼, ਬਹਿਰ

(4) ਬਹਿਰ, ਵਜ਼ਨ, ਕਾਫ਼ੀਆ, ਰਦੀਫ਼

31. ਸਾਹਿਤ-ਇਤਿਹਾਸ ਲੇਖਨ ਦੇ ਪ੍ਰਮਾਣਿਕ ਪੱਖ ਹਨ :

I. ਵਸਤੂ ਵਿਸ਼ਲੇਸ਼ਣ

II. ਤੁਲਨਾਤਮਕ ਅਧਿਅਨ

III. ਕਾਲ ਕ੍ਰਮਕਤਾ

IV. ਸਾਹਿਤਕ ਪ੍ਰਵਿਰਤੀ

ਉਪਰੋਕਤ ਚੋਂ ਸਹੀ ਹੈ :

(1) I ਅਤੇ II

(2) III ਅਤੇ IV

(3) II ਅਤੇ III

(4) IV ਅਤੇ I

32. ਉਤਰ-ਸੰਰਚਨਾਵਾਦੀ ਅਧਿਅਨ ਪ੍ਰਣਾਲੀ ਦਾ ਮੁੱਖ ਸਿੱਧਾਂਤਕ ਆਧਾਰ ਹੈ :

(1) ਰੂਪਾਕਾਰ ਦੇ ਲਛਣਿਕ ਪਖਾਂ ਦੀ ਖੋਜ

(2) ਰੂਪਾਕਾਰਾਂ ਦੇ ਅੰਤਰੰਗ ਸੰਬੰਧ

(3) ਰੂਪਾਕਾਰਾਂ ਦੇ ਵਿਭੇਦਕ ਲੱਛਣ

(4) ਉਪਰੋਕਤ ਸਾਰੇ ਸਹੀਨਹੀਂ ਹਨ

33. ਮੁੱਢਲੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਮੁੱਖ ਸੱਮਸਿਆਵਾਂ ਹਨ :

I. ਹਮਲਾਵਰਾਂ ਰਾਹੀਂ ਨਸ਼ਟ ਹੋਇਆ ਸਾਹਿਤ

II. ਬਹੁ-ਭਾਸ਼ੀ ਯੋਗਤਾ ਦੀ ਘਾਟ

III. ਸਭਿਆਚਾਰਕ ਚੇਤਨਾ ਦੀ ਘਾਟ

IV. ਸਾਹਿਤਕ ਪਰੰਪਰਾ ਦੀ ਅਣਹੋਂਦ

ਉਪਰੋਕਤ ਚੋਂ ਸਹੀ ਹੈ :

(1) I ਅਤੇ III

(2) I ਅਤੇ II

(3) II ਅਤੇ IV

(4) III ਅਤੇ IV

**34.** **ਕਥਨ (A) :** ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਮੋਢੀ ਅਤੇ ਸ਼੍ਰੋਮਣੀ ਲੇਖਕ ਹਨ, ਜਿਨ੍ਹਾਂ ਨੇ ਇਸ ਕਾਰਜ ਨੂੰ ਵਿਗਿਆਨਕ, ਬੌਧਿਕ ਅਤੇ ਆਧੁਨਿਕ ਰੂਪ ਦੇਣ ਦਾ ਯਤਨ ਕੀਤਾ ਹੈ ।

**ਕਾਰਨ (R) :** ਇਸ ਕਰਕੇ ਮਧਕਾਲੀਨ ਭਾਸ਼ਾਈ ਅਤੇ ਵਿਭਿੰਨ ਸਾਹਿਤਕ ਸ਼ੈਲੀਆਂ ਸੰਬੰਧੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਮੁੜ ਘੋਖਣ ਦੀ ਲੋੜ ਨਹੀਂ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਗ਼ਲਤ (R) ਸਹੀ ਹੈ ।
(2) (A) ਸਹੀ (R) ਗ਼ਲਤ ਹੈ ।
(3) (A) ਆਂਸ਼ਿਕ ਸਹੀ (R) ਗ਼ਲਤ ਹੈ ।
(4) (A) ਅਤੇ (R) ਦੋਵੇਂ ਸਹੀ ਹਨ ।

**35.** 'ਰਹੱਸਵਾਦ' ਦੇ ਪਰਿਭਾਸ਼ਕ ਲੱਛਣ ਹਨ :

(1) ਬਾਤਨ, ਇਹਲੌਕਿਕਤਾ, ਵਿਵੇਕ
(2) ਅਭੇਦਤਾ, ਰਮਜ਼, ਪਾਰਲੌਕਿਕਤਾ
(3) ਪਰਭੌਤਿਕਤਾ, ਚਿੰਤਨ, ਇਲਮ
(4) ਬੌਧਿਕਤਾ, ਆਤਮਤੱਤ, ਜ਼ਾਹਰ

**36.** ਕਿਹੜਾ ਜੁੱਟ ਸਹੀ ਨਹੀਂ ਹੈ :

(1) ਕਿਸ਼ਨ ਸਿੰਘ : ਸਾਹਿਤ ਦੇ ਸੋਮੇ
(2) ਅਤਰ ਸਿੰਘ : ਸਮਦਰਸ਼ਨ
(3) ਸੇਖੋਂ : ਸਮੀਖਿਆ ਪ੍ਰਣਾਲੀਆਂ
(4) ਰਵਿੰਦਰ ਸਿੰਘ ਰਵੀ : ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ

**37.** **ਕਥਨ (A) :** ਲੋਕ ਸਾਹਿਤ ਦਾ ਸਾਹਿਤ ਨਾਲੋਂ ਅੰਤਰ ਕੇਵਲ ਸੰਚਾਰ-ਵਿਧੀ ਕਰਕੇ ਹੀ ਨਹੀਂ ਸਗੋਂ ਸਿਰਜਨਾ ਵਿਧੀ ਕਰਕੇ ਵੀ ਹੈ ।

**ਕਾਰਨ (R) :** ਪਰ ਲੋਕਯਾਨ ਦੀ ਸਾਮਗ੍ਰੀ ਲੋਕ ਤੋਂ ਵਿਕਸਿਤ ਹੁੰਦੀ ਹੈ ਜਦ ਕਿ ਸਾਹਿਤ ਦੀ ਲੇਖਕ ਦੀ ਕਲਮ ਤੋਂ ।

ਉਪਰੋਕਤ ਵਿਚੋਂ ਸਹੀ ਹੈ :

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਸਹੀ ਅਤੇ (R) ਆਂਸ਼ਿਕ ਸਹੀ ।
(3) (A) ਗ਼ਲਤ ਅਤੇ (R) ਸਹੀ ਹੈ ।
(4) (A) ਅਤੇ (R) ਦੋਵੇਂ ਗ਼ਲਤ ਹਨ ।

**38.** ਲੋਕਧਾਰਾ ਤੋਂ ਭਾਵ ਹੈ :

I. ਲੋਕ-ਸਮੂਹ ਦਾ ਸਾਂਝਾ ਪ੍ਰਵਚਨ
II. ਸੰਸਕ੍ਰਿਤੀ ਦਾ ਭਾਵਕ ਤੇ ਬੌਧਿਕ ਪ੍ਰਪੰਚ
III. ਲੋਕ-ਸਾਹਿਤ ਤੇ ਲੋਕ ਚਿੰਤਨ ਦੀ ਰੂੜੀ
IV. ਲੋਕ ਵੇਦਨਾ ਦਾ ਬੌਧਿਕ ਪਸਾਰ

ਉਪਰੋਕਤ ਵਿਚੋਂ ਸਹੀ ਹਨ :

(1) III ਅਤੇ IV
(2) I ਅਤੇ II
(3) I ਅਤੇ IV
(4) II ਅਤੇ IV

**39.** ਮਿਥ ਦਾ ਪ੍ਰਕਾਰਜ ਹੈ :

(1) ਵਿਸ਼ਵਾਸ ਦਾ ਪ੍ਰਗਟਾਉ ਤੇ ਕੋਡ
(2) ਨੈਤਿਕਤਾ ਦੀ ਰੱਖਿਆ
(3) ਅਨੁਸ਼ਠਾਨ-ਸ਼ੀਲਤਾ
(4) ਉਪਰੋਕਤ ਸਾਰੇ

**40.** **ਕਥਨ (A) :** ਸਾਹਿਤ ਵਿਚ ਲੋਕਯਾਨ ਦੇ ਤੱਤਾਂ ਨੂੰ ਉਘਾੜਨ ਲਈ ਇਕ ਕਸਵੱਟੀ ਇਹ ਵਰਤੀ ਜਾ ਸਕਦੀ ਹੈ ਕਿ ਲੋਕਯਾਨ ਦੇ ਬਾਹਰੀ ਲੱਛਣ ਕਿਸ ਹੱਦ ਤੱਕ ਵਿਸ਼ਿਸ਼ਟ ਸਾਹਿਤ ਵਿਚ ਉਪਲਬਧ ਨਹੀਂ ਹਨ ।

**ਕਾਰਨ (R) :** ਇਹ ਸਬੰਧ ਨਿਰੋਲ ਬਾਹਰਮੁਖੀ ਲੱਛਣਾਂ ਤੱਕ ਸੀਮਤ ਨਹੀਂ ਹੁੰਦਾ ਸਗੋਂ ਅੰਤਰਮੁਖੀ ਵੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਹੈ (R) ਗ਼ਲਤ ਹੈ ।
(2) (A) ਆਂਸ਼ਿਕ ਸਹੀ ਹੈ (R) ਸਹੀ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਅਤੇ (R) ਦੋਵੇਂ ਗ਼ਲਤ ਹਨ ।

**41.** ਸਭਿਆਚਾਰ ਦੇ ਸੰਚਾਰ-ਮੂਲਕ ਸਾਧਨਾਂ ਦਾ ਸਹੀ ਜੁੱਟ ਹੈ

(1) ਬੁੱਤਕਾਰੀ ਅਤੇ ਕਸੀਦਾਕਾਰੀ
(2) ਸੰਗੀਤ ਅਤੇ ਨਾਟਕ
(3) ਭਾਸ਼ਾ ਅਤੇ ਸਾਕਾਦਾਰੀ
(4) ਖਾਣ-ਪ੍ਰਬੰਧ ਅਤੇ ਨ੍ਰਿਤ

**42.** ਲੋਕਧਾਰਾ ਅਧਿਐਨ ਨਾਲ ਸੰਬੰਧਤ ਅਨੁਸ਼ਾਸਨਾਂ ਦਾ ਸਹੀ ਜੁੱਟ ਹੈ

(1) ਮਾਨਵ-ਵਿਗਿਆਨ ਅਤੇ ਦਰਸ਼ਨ ਸ਼ਾਸਤਰ
(2) ਮਨੋਵਿਗਿਆਨ ਅਤੇ ਸਭਿਆਚਾਰ-ਸ਼ਾਸਤਰ
(3) ਮਾਨਵਿਕੀ ਭਾਸ਼ਾ-ਵਿਗਿਆਨ ਅਤੇ ਸਾਹਿਤ-ਸ਼ਾਸਤਰ
(4) ਸਭਿਆਚਾਰਕ-ਮਾਨਵ ਵਿਗਿਆਨ ਅਤੇ ਸਾਹਿਤ ਸਿੱਧਾਂਤ

**43.** ਮੱਧਕਾਲੀ ਸਭਿਆਚਾਰ ਦਾ ਉਘੜਵਾਂ ਪਛਾਣ-ਚਿੰਨ ਹੈ

(1) ਧਾਰਮਿਕ ਬਹੁਵਾਦ ਅਤੇ ਧਰਮ-ਸ਼ਾਸਤਰ
(2) ਬਹੁ-ਭਾਸ਼ਾਈ ਚੇਤਨਾ ਅਤੇ ਸਭਿਆਚਾਰਕ ਭਿੰਨਤਾ
(3) ਗਿਆਨ-ਸ੍ਰੇਸ਼ਟਤਾ ਅਤੇ ਸਭਿਆਚਾਰਕ ਸੰਵਾਦ
(4) ਨੈਤਿਕਤਾ ਅਤੇ ਪਰਮਾਰਥ ਚੇਤਨਾ

**44.** ਅਨੁਸ਼ਠਾਨਿਕ ਸੱਮਗਰੀ ਵਿਚ ਸ਼ਾਮਿਲ ਨਹੀਂ ਹੈ ;

I. ਸੰਸਕਾਰ

II. ਕਰਮ ਕਾਂਡ

III. ਜੰਤਰ ਮੰਤਰ

IV. ਪੁੰਨ ਪਾਪ

ਉਪਰੋਕਤ ਵਿਚੋਂ ਸਹੀ ਹਨ :

(1) I ਅਤੇ II (2) I ਅਤੇ III

(3) III ਅਤੇ IV (4) I ਅਤੇ IV

**45.** **ਕਥਨ (A) :** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਰਿਆਈ ਕਬੀਲਿਆਂ ਨੇ ਸਿੰਧ ਘਾਟੀ ਸਭਿਅਤਾ ਨੂੰ ਤਬਾਹ ਕੀਤਾ ਅਤੇ ਮੂਲ ਵਸਨੀਕਾਂ ਨੂੰ ਮਾਰਿਆ, ਗ਼ੁਲਾਮ ਬਣਾਇਆ ਜਾਂ ਹੋਰਨਾਂ ਇਲਾਕਿਆਂ ਵੱਲ ਭਜਾ ਦਿੱਤਾ ।

**ਕਾਰਨ (R) :** ਫਲਸਰੂਪ ਆਰਿਆਈ ਸਭਿਆਚਾਰ ਦੀ ਸਿਰਜਣਾ ਵਿੱਚ ਪੂਰਵ-ਆਰਿਆਈ ਸਭਿਆਚਾਰ ਦੇ ਪ੍ਰਭਾਵ ਦੇ ਪ੍ਰਮਾਣ ਅਸਲੋਂ ਨਹੀਂ ਮਿਲਦੇ ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) (A) ਆਂਸ਼ਿਕ ਸਹੀ ਹੈ (R) ਸਹੀ ਹੈ ।

(2) (A) ਸਹੀ ਹੈ ਅਤੇ (R) ਆਂਸ਼ਿਕ ਸਹੀ ਹੈ ।

(3) (A) ਸਹੀ ਹੈ ਅਤੇ (R) ਗ਼ਲਤ ਹੈ ।

(4) (A) ਗ਼ਲਤ ਹੈ ਅਤੇ (R) ਆਂਸ਼ਿਕ ਸਹੀ ਹੈ ।

**46.**

| **ਸੂਚੀ-I** | **ਸੂਚੀ-II** |
|---|---|
| I. Structural Anthropology | A. B.K. Sarkar |
| II. Legends of Punjab | B. R.R. Marett |
| III. Psychology and Culture | C. Claude Levi-Strauss |
| IV. The Folk Elements in Hindu Culture | D. R.C. Temple |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | B | C | A | D |
| (2) | C | D | B | A |
| (3) | A | C | B | D |
| (4) | C | B | D | A |

**47.** **ਕਥਨ (A) :** ਪੰਜਾਬੀ ਖੋਜ ਅਤੇ ਆਲੋਚਨਾ ਦੇ ਖੇਤਰ ਵਿੱਚ ਸਾਹਿਤ ਸ਼ਾਸਤਰੀ ਅਤੇ ਕਾਵਿ ਸ਼ਾਸਤਰੀ ਵਿਧੀਆਂ ਦੇ ਅਤਿ ਆਧੁਨਿਕ ਵਿਕਾਸ ਬਿੰਦੂ ਦਿਖਾਈ ਦਿੰਦੇ ਹਨ ।

**ਕਾਰਨ (R) :** ਪਰ ਵਿਹਾਰਕ ਪੱਧਰ ਉਪਰ ਅਤੇ ਸਮਕਾਲੀ ਪਰਿਪੇਖ ਵਿੱਚ ਪੰਜਾਬੀ ਖੋਜ ਦੀ ਸਥਿਤੀ ਤਸੱਲੀਬਖਸ਼ ਨਹੀਂ ਹੈ, ਖ਼ਾਸ ਤੌਰ ਤੇ ਉਪਾਧੀ ਮੂਲਕ ਖੋਜ ਦੀ ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) (A) ਸਹੀ ਅਤੇ (R) ਆਂਸ਼ਿਕ ਸਹੀ ਹੈ । (2) (A) ਅਤੇ (R) ਦੋਵੇਂ ਸਹੀ ਹਨ ।

(3) (A) ਆਂਸ਼ਿਕ ਸਹੀ (R) ਗ਼ਲਤ ਹੈ । (4) (A) ਗ਼ਲਤ ਅਤੇ (R) ਆਂਸ਼ਿਕ ਸਹੀ ਹੈ ।

ਹੇਠ ਲਿਖੇ ਪੈਰੇ ਦੇ ਆਧਾਰ ਤੇ **48**, **49** ਅਤੇ **50** ਪ੍ਰਸ਼ਨਾਂ ਦੇ ਉੱਤਰ ਦਿਓ :

ਰਿਗਵੇਦ ਦੁਨੀਆਂ ਦਾ ਸਭ ਤੋਂ ਪੁਰਾਣਾ ਗਰੰਥ ਮੰਨਿਆ ਜਾਂਦਾ ਹੈ, ਇਸ ਮਤ ਨਾਲ ਅਸਹਿਮਤ ਵਿਦਵਾਨ ਵੀ ਮੰਨਦੇ ਹਨ ਕਿ ਇਹ ਸੰਸਾਰ ਦੀਆਂ ਇਕ ਦੋ ਚੋਣਵੀਆਂ ਪ੍ਰਾਚੀਨਤਮ ਪੁਸਤਕਾਂ ਵਿਚੋਂ ਇਕ ਹੈ । ਇਤਨੀ ਪ੍ਰਾਚੀਨਤਾ ਵੀ ਆਪਣੇ ਆਪ ਵਿਚ ਬੜੀ ਮਹੱਤਵਸ਼ਾਲੀ ਹੈ । ਅੱਜ ਅਸੀਂ ਇਸਦੀ ਰਚਨਾ-ਵਸਤੂ ਦਾ ਅਨੰਦ ਨਾ ਵੀ ਭੋਗ ਸਕੀਏ, ਤਾਂ ਵੀ ਇਸਦਾ ਮਹੱਤ੍ਵ ਅਡੋਲ ਹੀ ਬਣਿਆ ਰਹਿੰਦਾ ਹੈ ਕਿਉਂਕਿ ਇਸ ਰਾਹੀਂ ਮਨੁੱਖ ਦੀ ਰਚਨਾ-ਵਿਧੀ ਉਪਰ ਕਮਾਲ ਦਾ ਚਾਨਣ ਪੈਂਦਾ ਹੈ । ਪਹਿਲੀ ਗੱਲ ਜੋ ਸਾਡੇ ਪੱਲੇ ਪੈਂਦੀ ਹੈ ਉਹ ਇਹ ਕਿ ਸਾਹਿਤ-ਰਚਨਾ ਦਾ ਪਹਿਲਾ ਪੜਾਉ ਧਰਮ ਹੈ ਅਤੇ ਰਚਨਾ-ਵਿਧੀ ਦਾ ਪਹਿਲਾ ਸਾਧਨ ਹੈ ਪੁਰਾਣ-ਚੇਤਨਾ । ਮਨੁੱਖ ਇਤਿਹਾਸ, ਦਰਸ਼ਨ, ਕਾਵਿ ਅਤੇ ਵਿਗਿਆਨ ਦੀ ਰਚਨਾ ਤੋਂ ਬਹੁਤ ਪਹਿਲਾਂ ਮਨੁੱਖ ਧਰਮ ਦੀ ਰਚਨਾ ਕਰਦਾ ਹੈ । ਇਸ ਲਈ ਨਹੀਂ ਕਿ ਧਰਮ-ਰਚਨਾ ਸਰਲ-ਸੁਗਮ ਹੈ, ਸਗੋਂ ਇਸ ਲਈ ਕਿ ਧਰਮ-ਰਚਨਾ ਮਨੁੱਖ ਦੀ ਮੂਲ ਬਿਰਤੀ ਨਾਲ ਸੰਬੰਧਿਤ ਹੈ, ਇਹ ਮਨੁੱਖ ਦੇ ਮੂਲ ਭਾਵਾਂ ਨੂੰ ਪ੍ਰਗਟਾ ਦੇਂਦੀ ਹੈ । ਕੁਝ ਸ਼ਰਧਾਲੂਆਂ ਦਾ ਕਥਨ ਹੈ ਕਿ ਵੇਦ ਸਾਰੀਆਂ ਵਿਦਿਆਵਾਂ ਦਾ ਮੂਲ ਹੈ । ਤਥ ਮੂਲਕ ਅਧਿਐਨ ਰਾਹੀਂ ਏਸ ਕਥਨ ਨੂੰ ਪ੍ਰਮਾਣਿਤ ਕਰ ਸਕਣਾ ਅਸੰਭਵ ਹੈ, ਪਰ ਇਤਨਾ ਤਾਂ ਨਿਰਸੰਦੇਹ ਸੱਚ ਹੈ ਕਿ ਸਾਡੀ ਰਚਨਾ-ਵਿਧੀ ਦਾ ਅਰੰਭ-ਬਿੰਦੂ ਪੁਰਾਣ-ਚੇਤਨਾ ਹੈ । ਪੁਰਾਣ-ਚੇਤਨਾ ਤੋਂ ਕੰਮ ਲਏ ਬਿਨਾ ਮਨੁੱਖ ਵਿਗਿਆਨ ਚੇਤਨਾ ਤਕ ਕਦੇ ਵੀ ਨਾ ਪਹੁੰਚ ਸਕਦਾ । ਇਸੇ ਪ੍ਰਕਾਰ ਧਰਮ ਸਾਡੀ ਰਚਨਾ ਦਾ ਆਦਿ-ਬਿੰਦੂ ਹੈ । ਧਰਮ ਨੇ ਹੀ ਸਾਨੂੰ ਰਚਨਾ ਵਲ ਪ੍ਰਵਿਰਤ ਕੀਤਾ ਹੈ । ਇਸ ਲੇਖ ਵਿਚ ਅਸੀਂ ਧਰਮ ਅਤੇ ਪੁਰਾਣ-ਚੇਤਨਾ ਦੀਆਂ ਪ੍ਰਾਚੀਨਤਮ ਪ੍ਰਾਪਤੀਆਂ ਦੇ ਆਧਾਰ ਤੇ ਕੁਝ ਸਿਖਿਆ ਗ੍ਰਹਿਣ ਕਰਨ ਦਾ ਜਤਨ ਕਰਾਂਗੇ ।

**48.** ਕਿਹੜਾ ਕਥਨ ਸਹੀ ਹੈ :

(1) ਰਿਗਵੇਦ ਦੀ ਰਚਨਾ-ਵਸਤੂ ਦਾ ਆਨੰਦ ਭਾਵੇਂ ਘਟ ਹੈ ਪਰ ਮਹੱਤਵ ਵਧੇਰੇ ਹੈ ।

(2) ਰਿਗਵੇਦ ਦੁਨੀਆ ਦਾ ਇਕੋ ਇਕ ਪ੍ਰਾਚੀਨਤਮ ਗ੍ਰੰਥ ਹੈ ।

(3) ਰਿਗਵੇਦ ਮਨੁੱਖ ਦੀ ਰਚਨਾ-ਵਿਧੀ ਦਾ ਅਪਰੋਖ ਵਰਣਨ ਕਰਦਾ ਹੈ ।

(4) ਰਿਗਵੇਦ ਦੀ ਪ੍ਰਾਚੀਨਤਾ ਏਨੀ ਮਹੱਤਵਸ਼ਾਲੀ ਨਹੀਂ ਜਿਨੀ ਕਿ ਸੰਸਾਰ ਦੀਆਂ ਹੋਰ ਪੁਸਤਕਾਂ ਦੀ ।

**49.** ਪੈਰੇ ਦਾ ਕੇਂਦਰੀ ਥੀਮ ਹੈ :

(1) ਧਰਮ-ਰਚਨਾ ਅਤੇ ਰਚਨਾ ਵਿਧੀ

(2) ਧਰਮ ਅਤੇ ਪੁਰਾਣ ਚੇਤਨਾ ਦੀਆਂ ਪ੍ਰਾਚੀਨਤਮ ਪ੍ਰਾਪਤੀਆਂ

(3) ਪੁਰਾਣ-ਚੇਤਨਾ ਅਤੇ ਵਿਗਿਆਨ-ਚੇਤਨਾ

(4) ਰਿਗਵੇਦ ਦਾ ਤੱਥ-ਮੂਲਕ ਅਧਿਐਨ

**50.** ਪੈਰੇ ਦੀ ਵਾਰਤਕ ਸ਼ੈਲੀ ਦੇ ਮੁੱਖ ਲੱਛਣਾਂ ਦਾ ਸਹੀ ਜੁੱਟ ਹੈ :

(1) ਤਤਸਮ-ਤਦਭਵ ਸ਼ਬਦਾਵਲੀ ਅੰਤਕ ਤੇ ਸਮਾਸ-ਵਰਤੋਂ

(2) ਤਤਸਮ-ਤਦਭਵ ਸ਼ਬਦਾਵਲੀ ਤੇ ਸਰਲ ਭਾਸ਼ਾ

(3) ਮਿਸ਼ਰਿਤ ਵਾਕਾਂ ਦੀ ਬਹੁਲਤਾ ਤੇ ਤਤਸਮ ਸ਼ਬਦ ਰੂਪ

(4) ਸਰਲ ਭਾਸ਼ਾ ਤੇ ਤਦਭਵ ਰੁਚੀ

**Space For Rough Work**